Taxi & Limousine Commission

Meera Joshi
*ਕਮੀਸ਼ਨਰ/ਪ੍ਰਧਾਨ*

Allan J. Fromberg
*ਜਨਤਕ ਮਾਮਲੇ*
*frombera@tlc.nyc.gov*

33 Beaver Street
22nd Floor
New York, NY 10004

**ਇੰਡਸਟਰੀ ਨੋਟਿਸ #18-03** **19 ਮਾਰਚ, 2018**

**ਤੁਰੰਤ ਰਿਲੀਜ਼ ਲਈ**

# TLC ਵਿਖੇ DMV ਦਫ਼ਤਰ ਦਾ ਉਦਘਾਟਨ

26 ਮਾਰਚ, 2018 ਨੂੰ, ਨਿਊਯਾਰਕ ਸਟੇਟ ਡਿਪਾਰਟਮੈਂਟ ਆਫ ਮੋਟਰ ਵਹੀਕਲਸ (New York State Department of Motor Vehicles) (DMV) 31-00 47th Avenue, Long Island City, NY 11101 ਵਿਖੇ ਸਥਿਤ ਟੈਕਸੀ ਅਤੇ ਲਿਮੋਜੀਨ ਕਮੀਸ਼ਨ (Taxi and Limousine Commission) (TLC) ਦਾ ਲੌਂਗ ਆਈਲੈਂਡ ਸਿਟੀ ਫੈਸਿਲਿਟੀ (Long Island City Facility) ਵਿਖੇ ਇੱਕ ਦਫ਼ਤਰ ਖੋਲ੍ਹੇਗਾ। DMV ਦਫ਼ਤਰ TLC ਦੇ ਲਸੰਸਿਗ ਕੇਂਦਰ ਦੇ ਅੰਦਰ ਸਥਿਤ ਹੋਵੇਗਾ। ਇਸ ਨਵੇਂ DMV ਦਫ਼ਤਰ ਨਾਲ ਮਾਲਕ ਇੱਕ ਵਾਰ ਆ ਕੇ ਹੀ TLC ਅਤੇ DMV ਟ੍ਰਾਂਜੈਕਸ਼ਨਾਂ ਪੂਰੀਆਂ ਕਰ ਸਕਣਗੇ।

ਨਵਾਂ DMV ਦਫ਼ਤਰ *ਸਿਰਫ* ਇਹਨਾਂ ਟ੍ਰਾਂਜੈਕਸ਼ਨਾਂ ਦੀ ਪ੍ਰਕਿਰਿਆ ਕਰੇਗਾ:

1. ਸਾਰੀਆਂ ਮੈਡੈਲਿਅਨ ਪਲੇਟ ਅਤੇ ਵਾਹਨ (Medallion Plate and Vehicle) ਟ੍ਰਾਂਜੈਕਸ਼ਨਾਂ

2. FHV ਪਲੇਟ ਅਤੇ ਵਾਹਨ ਟ੍ਰਾਂਜੈਕਸ਼ਨਾਂ (FHV Plate and Vehicle Transactions), ਜੋ ਸਾਡੇ ਲੌਂਗ ਆਈਲੈਂਡ ਸਿਟੀ ਫੈਸਿਲਿਟੀ ਵਿੱਚ ਪ੍ਰਕਿਰਿਆ ਕੀਤੇ ਜਾਣ ਵਾਲੀ TLC ਪਲੇਟ (TLC Plate) ਜਾਂ ਵਾਹਨ ਟ੍ਰਾਂਸਫਰ (Vehicle Transfer) ਅਰਜ਼ੀ ਦੇ ਹਿੱਸੇ ਦੇ ਤੌਰ 'ਤੇ ਲੋੜੀਂਦੀਆਂ ਹਨ।

| **ਲਸੰਸ** | **DMV ਟ੍ਰਾਂਜੈਕਸ਼ਨਾਂ ਕਿੱਥੇ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ?** |
|---|---|
| ਮੈਡੈਲਿਅਨ ਮਾਲਕਾਂ ਅਤੇ ਏਜੰਟਾਂ ਕੋਲ | ਸਿਰਫ਼ TLC ਲਸੰਸਿੰਗ ਫੈਸੀਲਿਟੀ ਵਿਖੇ DMV ਦਫ਼ਤਰ ਵਿੱਚ |
| FHV, ਪੈਰਾਟ੍ਰਾਂਜ਼ਿਟ ਅਤੇ ਰੋਜ਼ਾਨਾ ਯਾਤਰੀਆਂ ਵਾਲੀ ਵੈਨ ਵਾਹਨ ਦੇ ਮਾਲਕਾਂ ਕੋਲ (Paratransit and Commuter Van Vehicle Owners) | TLC ਲਸੰਸਿੰਗ ਫੈਸੀਲਿਟੀ ਵਿਖੇ DMV ਦਫ਼ਤਰ ਵਿੱਚ ਜਾਂ ਕਿਸੇ ਵੀ ਸਥਾਨਕ DMV ਦਫ਼ਤਰ ਵਿੱਚ |